ਅ-7
2024/4/046


जवाहर नवोदय विद्यालय
शिक्षा मंत्रालय, भारत सरकार
(स्कूल शिक्षा और साक्षरता विभाग)
तियोना पुजारीयां, जिला बठिण्डा (पंजाब)
फोन नं. ०१६५५-२६६१०३, २६६५५८

**Jawahar Navodaya Vidyalaya**
Ministry of Education, Govt. Of India.
(Department of School Education & Literacy)
Teona Pujarian, Distt. Bathinda(Pb.)
Ph.No. 01655-266103, 266558

सीबीएसई स्कूल कोड: 24511, Email ID: jnvbathinda@gmail.com
Web URL address: https://navodaya.gov.in/nvs/nvs-school/Bathinda/en/home/


==========================================================

फ.सं/2024-25/ ज.न.व बठिंडा/...14.9........... 1011 　　　　　　दिनांक: 11.11.2024

ਵੱਲ :

ਜ਼ਿਲ੍ਹਾ ਸਿੱਖਿਆ ਅਫਸਰ

ਮਿੰਨੀ ਸਕੱਤਰੇਤ,

ਬਠਿੰਡਾ ।

**ਵਿਸ਼ਾ : ਪੀ. ਐੱਮ. ਸ਼੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਨੌਵੀ ਤੇ ਗਿਆਰਵੀਂ ਜਮਾਤ ਦੇ ਦਾਖਲੇ ਲਈ ਦਾਖਲਾ ਪ੍ਰਵੇਸ਼ ਪ੍ਰੀਖਿਆ -2025 ਲਈ ਆਨਲਾਈਨ ਫਾਰਮਾਂ ਦੀ ਅੰਤਿਮ ਮਿਤੀ ਦੇ ਵਾਧੇ ਸੰਬੰਧੀ ।**

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਪੀ. ਐੱਮ. ਸ਼੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਤਿਊਣਾ ਪੁਜਾਰੀਆਂ ਵਿੱਚ ਵਿਦਿਅਕ ਵਰ੍ਹੇ 2025-26 ਲਈ ਨੌਵੀਂ ਤੇ ਗਿਆਰਵੀਂ ਜਮਾਤ ਵਿੱਚ ਦਾਖਲੇ ਲਈ ਦਾਖਲਾ ਪ੍ਰਵੇਸ਼ ਪ੍ਰੀਖਿਆ-2025 ਦੇ ਆਨਲਾਈਨ ਫਾਰਮ ਨਵੋਦਿਆ ਵਿਦਿਆਲਿਆ ਦੀ ਵੈਬਸਾਈਟ https://navodaya.gov.in/ 'ਤੇ ਭਰੇ ਜਾ ਰਹੇ ਹਨ ।ਫਾਰਮ ਭਰਨ ਦੀ ਅੰਤਿਮ ਮਿਤੀ ਪਹਿਲਾਂ 09.11.2024 ਸੀ ਜੋ ਕਿ ਹੁਣ ਕੁਝ ਪ੍ਰਸ਼ਾਸਨਿਕ ਕਾਰਨਾਂ ਕਰਕੇ 19/11/2024 ਹੋ ਗਈ ਹੈ ।ਇਹ ਪ੍ਰਵੇਸ਼ ਪ੍ਰੀਖਿਆ 08.02.2025, ਨੂੰ ਪੀ.ਐੱਮ. ਸ਼੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਤਿਊਣਾ ਪੁਜਾਰੀਆਂ ਵਿਖੇ ਹੋਵੇਗੀ ।ਆਨਲਾਈਨ ਫਾਰਮ ਭਰਨ ਲਈ ਬਠਿੰਡੇ ਜਿਲ੍ਹੇ ਦਾ ਅਧਾਰ ਕਾਰਡ ਜਾਂ ਰਿਹਾਇਸ਼ੀ ਸਰਟੀਫਿਕੇਟ ਹੋਣਾ ਲਾਜ਼ਮੀ ਹੈ ।

ਯੋਗਤਾ :-

| ਨੌਵੀ ਜਮਾਤ ਲਈ | ਗਿਆਰਵੀਂ ਜਮਾਤ ਲਈ |
|---|---|
| ੧. ਫਾਰਮ ਭਰਨ ਦੇ ਚਾਹਵਾਨ ਪ੍ਰੀਖਿਆਰਥੀ ਦੀ ਉਮਰ 01.05.2010 ਤੋ 31.07.2012 ਦੇ ਵਿਚਕਾਰ ਹੋਣੀ ਚਾਹੀਦੀ ਹੈ । | ੧. ਗਿਆਰਵੀਂ ਜਮਾਤ ਦੇ ਦਾਖਲੇ ਲਈ ਫਾਰਮ ਭਰਨ ਦੇ ਚਾਹਵਾਨ ਪ੍ਰੀਖਿਆਰਥੀ ਦੀ ਉਮਰ 01.06.2008 ਤੋ 31.07.2010 ਦੇ ਵਿਚਕਾਰ ਹੋਣੀ ਚਾਹੀਦੀ ਹੈ । |
| ੨. ਨੌਵੀਂ ਜਮਾਤ ਲਈ ਪ੍ਰੀਖਿਆਰਥੀ ਨੇ ਅੱਠਵੀ ਜਮਾਤ ਬਠਿੰਡੇ ਜਿਲ੍ਹੇ ਦੇ ਕਿਸੇ ਵੀ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਜਾ ਮਾਨਤਾ ਪ੍ਰਾਪਤ ਸਕੂਲ ਤੋਂ ਬਿਨਾਂ ਫੇਲ੍ਹ ਹੋਏ ਪੂਰਾ ਵਿੱਦਿਅਕ ਸ਼ੈਸ਼ਨ ਲਾ ਕੇ ਪਾਸ ਕੀਤੀ ਹੋਵੇ ਤੇ ਵਿਦਿਆਰਥੀ ਬਠਿੰਡੇ ਜਿਲ੍ਹਾ ਦਾ ਵਸਨੀਕ ਹੋਣਾ ਚਾਹੀਦਾ । | ੨. ਗਿਆਰਵੀਂ ਜਮਾਤ ਲਈ ਪ੍ਰੀਖਿਆਰਥੀ ਨੇ ਦਸਵੀਂ ਜਮਾਤ ਬਠਿੰਡੇ ਜਿਲ੍ਹੇ ਦੇ ਕਿਸੇ ਵੀ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਜਾ ਮਾਨਤਾ ਪ੍ਰਾਪਤ ਸਕੂਲ ਤੋਂ ਬਿਨਾਂ ਫੇਲ੍ਹ ਹੋਏ ਪੂਰਾ ਵਿੱਦਿਅਕ ਸ਼ੈਸ਼ਨ ਲਾ ਕੇ ਪਾਸ ਕੀਤੀ ਹੋਵੇ ਤੇ ਵਿਦਿਆਰਥੀ ਬਠਿੰਡੇ ਜਿਲ੍ਹਾ ਦਾ ਵਸਨੀਕ ਹੋਣਾ ਚਾਹੀਦਾ । |
| ੩. ਨੌਵੀਂ ਜਮਾਤ ਲਈ ਵਿਦਿਆਰਥੀ ਦੀ ਅੱਠਵੀਂ ਜਮਾਤ ਵਿਦਿਅਕ ਸ਼ੈਸ਼ਨ 2024-2025 ਦੇ ਦੌਰਾਨ ਪਾਸ ਹੋਵੇ । | ੩. ਗਿਆਰਵੀਂ ਜਮਾਤ ਲਈ ਵਿਦਿਆਰਥੀ ਦੀ ਦਸਵੀਂ ਜਮਾਤ ਵਿਦਿਅਕ ਸ਼ੈਸ਼ਨ 2024-2025 ਦੇ ਦੌਰਾਨ ਪਾਸ ਹੋਵੇ । |

ਆਪ ਜੀ ਆਪਣੇ ਅਧੀਨ ਪੈਂਦੇ ਸਕੂਲਾਂ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ ਜੀ ਤਾਂ ਜੋ ਵੱਧ ਤੋਂ ਵੱਧ ਫਾਰਮ ਭਰੇ ਜਾ ਸਕਣ ।

ਪ੍ਰਿੰਸੀਪਲ
ਜਵਾਹਰ ਨਵੋਦਿਆ ਵਿਦਿਆਲਿਆ,
ਤਿਊਣਾ ਪੁਜਾਰੀਆਂ (ਬਠਿੰਡਾ)

ਉਤਾਰਾ : ਬੀ.ਪੀ.ਈ.ਓ ਭਗਤਾ ਭਾਈ, ਬੀ.ਪੀ.ਈ.ਓ ਰਾਮਪੁਰਾ, ਬੀ.ਪੀ.ਈ.ਓ ਬਠਿੰਡਾ, ਬੀ.ਪੀ.ਈ.ਓ ਸੰਗਤ, ਬੀ.ਪੀ.ਈ.ਓ ਗੋਨਿਆਣਾ, ਬੀ.ਪੀ.ਈ.ਓ ਤਲਵੰਡੀ ਸਾਬੋ, ਬੀ.ਪੀ.ਈ.ਓ ਮੌੜ ।

Scanned with OKEN Scanner

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ. ਅ-7/1 ( ) 2024/811 ਮਿਤੀ 12/11/2024
ਉਪਰੋਕਤ ਦਾ ਉਤਾਰਾ ਜ਼ਿਲ੍ਹਾ ਬਠਿੰਡਾ ਦੇ ਸਮੂਹ ਸਕੂਲ ਮੁਖੀਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

12/11/24
ਉ.ਜ਼ਿ.ਸਿ.ਅ (ਸੈ)
ਬਠਿੰਡਾ

Scanned with OKEN Scanner